**Vigilance Bureau Punjab**

# VIGILANCE NABS PSPCL JE AND WAKF BOARD EMPLOYEE FOR ACCEPTING BRIBES IN TWO DIFFERENT CASES

Chandigarh, May 11: State Vigilance Bureau arrested a Junior Engineer (JE) of PSPCL and Wakf Board Employee for accepting bribes in two different cases.

Disclosing this here an official spokesperson of the Vigilance Bureau said JE Harnek Singh posted at PSPCL Sub Division Ghamrauda, Patiala was arrested on the complaint of Satnam Singh of Village Khurd in Patiala district

The complaint has approached the VB and alleged that the above said JE was demanding Rs. 33,500 to shift an electricity pole in front of his house on his request. It may be mentioned here that the accused JE had already fixed deal with SDO Joga Singh and Lineman Darshan Singh of PSPCL Sub Division Ghamrauda for sharing the bribe amount in this case.

After verifying his information, Vigilance team laid a trap and the accused JE arrested on the spot while accepting bribe of Rs.33,500 from the complainant in the presence of two official witnesses.

He informed that a case under section 7,13 (2) of Prevention of Corruption Act and 120-B IPC has been registered against all the above said accused at VB police station Patiala and further investigations were under progress.

In another bribery case Vigilance Bureau arrested Rent Collector (RC) Saleem Bahadur posted at Punjab Wakf Board Rupnagar for accepting bribe of Rs. 1 lakh on the complaint of Rajesh Khan of village Bhartgarh Rupnagar district.

The complaint has approached the VB and alleged that the above said accused was demanding Rs. 4 lakh to allot him 6 marla land on lease and the deal was struck at Rs. 3.75 lakh.

After verifying his information, Vigilance team laid a trap and the accused Rent Collector arrested on the spot while accepting bribe of Rs.1 lakh as a first installment from the complainant in the presence of two official witnesses.

He informed that a case under of Prevention of Corruption Act has been registered against the above said accused at VB police station Ludhiana and further investigations were under progress.

----------------

**ਵਿਜੀਲੈਂਸ ਬਿਓਰੋ ਪੰਜਾਬ**

# ਵਿਜੀਲੈਂਸ ਵੱਲੋਂ ਬਿਜਲੀ ਨਿਗਮ ਦਾ ਜੇ.ਈ 33500 ਰੁਪਏ ਤੇ ਵਕਫ਼ ਬੋਰਡ ਦਾ ਮੁਲਾਜਮ 1 ਲੱਖ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 11 ਮਈ: ਪੰਜਾਬ ਵਿਜੀਲੈਂਸ ਬਿਊਰੋ ਵਲੋਂ ਰਿਸ਼ਵਤ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਪੀ.ਐਸ.ਪੀ.ਸੀ.ਐਲ ਦੇ ਇਕ ਜੇ.ਈ ਨੂੰ 33500 ਰੁਪਏ ਅਤੇ ਵਕਫ਼ ਬੋਰਡ ਦੇ ਇਕ ਮੁਲਾਜਮ ਨੂੰ 1 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਸਬ ਡਵੀਜਨ ਘਮਰੌਦਾ, ਤਹਿਸੀਲ ਨਾਭਾ, ਜਿਲਾ ਪਟਿਆਲਾ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ ਹਰਨੇਕ ਸਿੰਘ ਨੂੰ ਸ਼ਿਕਾਇਤਕਰਤਾ ਸਤਨਾਮ ਸਿੰਘ ਵਾਸੀ ਪਿੰਡ ਖੁਰਦ, ਤਹਿਸੀਲ ਨਾਭਾ, ਜਿਲਾ ਪਟਿਆਲਾ ਦੀ ਸ਼ਿਕਾਇਤ 'ਤੇ 33,500 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੇ ਰਿਹਾਇਸ਼ੀ ਮਕਾਨ ਨੇੜਿਓਂ ਬਿਜਲੀ ਵਾਲਾ ਖੰਬਾ ਬਾਹਰ ਕਢਵਾਉਣ ਬਦਲੇ ਜੇ.ਈ 33,500 ਰੁਪਏ ਦੀ ਮੰਗ ਕਰ ਰਿਹਾ ਹੈ। ਦੱਸਣਯੋਗ ਹੈ ਕਿ ਦੋਸ਼ੀ ਜੇ.ਈ ਨੇ ਪੀ.ਐਸ.ਪੀ.ਸੀ.ਐਲ ਸਬ ਡਵੀਜਨ ਘਮਰੌਦਾ ਦੇ ਐਸ.ਡੀ.ਓ ਜੋਗਾ ਸਿੰਘ ਅਤੇ ਲਾਈਨਮੈਨ ਦਰਸ਼ਨ ਸਿੰਘ ਨਾਲ ਵੀ ਇਸ ਕੇਸ ਵਿਚੋਂ ਮਿਲਣ ਵਾਲੀ ਰਿਸ਼ਵਤ ਦੀ ਰਕਮ ਵਿਚੋਂ ਅਹੁਦੇ ਅਨੁਸਾਰ ਹਿੱਸਾ ਦੇਣ ਲਈ ਪਹਿਲਾਂ ਹੀ ਗੱਲਬਾਤ ਤੈਅਕੀਤੀ ਹੋਈ ਸੀ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਜੇ.ਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 33,500 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਅਤੇ ਉਕਤ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7,13 (2) ਅਤੇ 120-ਬੀ ਆਈ.ਪੀ.ਸੀ ਤਹਿਤ ਪਟਿਆਲਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

ਰਿਸ਼ਵਤ ਲੈਣ ਦੇ ਇਕ ਹੋਰ ਮਾਮਲੇ ਵਿਚ ਅੱਜ ਵਿਜੀਲੈਂਸ ਬਿਓਰੋ ਵਲੋਂ ਪੰਜਾਬ ਵਕਫ਼ ਬੋਰਡ ਰੂਪਨਗਰ ਵਿਖੇ ਤਾਇਨਾਤ ਰੈਂਟ ਕੁਲੈਕਟਰ ਸਲੀਮ ਬਹਾਦਰ ਨੂੰ ਸ਼ਿਕਾਇਤਕਰਤਾ ਰਾਜੇਸ਼ ਖਾਨ ਦੀ ਸ਼ਿਕਾਇਤ 'ਤੇ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕਰ ਲਿਆ।

ਇਸ ਸਬੰਧੀ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਰੂਪਨਗਰ ਵਿਖੇ ਪੰਜਾਬ ਵਕਫ਼ ਬੋਰਡ ਦੀ 6 ਮਰਲਾ ਜਮੀਨ ਦਾ ਪੱਟਾ ਨਾਮਾ/ਲੀਜ਼ ਉਸ ਦੇ ਨਾਮ 'ਤੇ ਕਰਨ ਬਦਲੇ ਰੈਂਟ ਕੁਲੈਕਟਰ ਉਸ ਤੋਂ 4 ਲੱਖ ਰੁਪਏ ਦੀ ਮੰਗ ਕਰ ਰਿਹਾ ਹੈ ਤੇ ਸੌਦਾ 3.75 ਲੱਖ ਵਿਚ ਤੈਅ ਹੋਇਆ ਹੈ। ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਰੈਂਟ ਕੁਲੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਲੁਧਿਆਣਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।